ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼
ਸਾਦਿਕ ਰੋਡ, ਫਰੀਦਕੋਟ-151203 (ਪੰਜਾਬ)
ਫੋਨ-01639-256232, 256236

ਵੈਬ ਸਾਈਟ: www.bfuhs.ac.in ਈ-ਮੇਲ : admissionbfuhs@gmail.com

ਨੰ:15 ਬੀ.ਐਫ.ਯੂ.ਐਚ.ਐਸ (ਰਜਿ:)/21/ 6779 ਮਿਤੀ 14/07/2021

**ਅਤਿ ਜਰੂਰੀ**

ਸਮੂਹ ਪ੍ਰਿੰਸੀਪਲ,
ਯੂਨੀਵਰਸਿਟੀ ਨਾਲ ਸਬੰਧਤ ਮੈਡੀਕਲ/ਨਰਸਿੰਗ ਕਾਲਜਜ਼।

ਵਿਸ਼ਾ: ਪੈਰਾ ਮੈਡੀਕਲ ਸਰਟੀਫਿਕੇਟ/ਡਿਪਲੋਮਾਂ ਕੋਰਸਾਂ ਵਿੱਚ ਦਾਖਲਿਆਂ ਸਬੰਧੀ ਦਿਸ਼ਾ ਨਿਰਦੇਸ਼।

**ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੈਰਾ ਮੈਡੀਕਲ ਸਰਟੀਫਿਕੇਟ/ਡਿਪਲੋਮਾਂ ਕੋਰਸਾਂ ਵਿੱਚ ਦਾਖਲੇ ਹੇਠ ਦਰਸਾਏ ਨਿਯਮਿਤ ਤਰੀਕੇ ਅਨੁਸਾਰ ਹੋਣ ਚਾਹੀਦੇ ਹਨ :-**

1. ਪੈਰਾ ਮੈਡੀਕਲ ਸਰਟੀਫਿਕੇਟ/ਡਿਪਲੋਮਾਂ ਕੋਰਸਾਂ ਵਿੱਚ ਦਾਖਲੇ **ਜੁਲਾਈ ਮਹੀਨੇ ਤੋਂ 30 ਨਵੰਬਰ ਦੇ** ਵਿਚਕਾਰ ਹੋਣੇ ਚਾਹੀਦੇ ਹਨ। ਇਸ ਤੋਂ ਬਾਅਦ ਵਿੱਚ ਕੀਤੇ ਗਏ ਦਾਖਲਿਆਂ ਨੂੰ ਯੂਨੀਵਰਸਿਟੀ ਵੱਲੋਂ ਨਿਯਮਤ ਨਹੀਂ ਕੀਤਾ ਜਾਵੇਗਾ।
2. ਪੈਰਾ ਮੈਡੀਕਲ ਸਰਟੀਫਿਕੇਟ/ਡਿਪਲੋਮਾਂ ਕੋਰਸਾਂ ਵਿੱਚ ਦਾਖਲੇ ਕਰਨ ਤੋਂ ਪਹਿਲਾਂ ਅਖਬਾਰ ਵਿੱਚ ਇਸ਼ਤਿਹਾਰ ਜ਼ਾਰੀ ਕੀਤਾ ਜਾਵੇ, ਉਸ ਵਿੱਚ ਅਰਜੀਆਂ ਮੰਗਣ ਦੀ ਆਖਰੀ ਮਿਤੀ, ਕੌਸਲਿੰਗ ਕਰਨ ਦੀ ਮਿਤੀ/ਸਥਾਨ, ਖਾਲੀ ਸੀਟਾਂ ਦਾ ਵੇਰਵਾ ਆਦਿ ਪ੍ਰਕਾਸ਼ਿਤ ਕੀਤਾ ਜਾਵੇ, ਅਤੇ ਕਾਲਜ ਆਪਣੀ ਵੈੱਬ ਸਾਈਟ ਤੇ ਵੀ ਇਸ਼ਿਤਹਾਰ ਅੱਪਲੋਡ ਕਰੇ, ਤਾਂ ਕਿ ਸਬੰਧਤ ਉਮੀਦਵਾਰਾਂ ਨੂੰ ਪਤਾ ਲਗ ਸਕੇ।
3. ਪੈਰਾ ਮੈਡੀਕਲ ਸਰਟੀਫਿਕੇਟ/ਡਿਪਲੋਮਾਂ ਕੋਰਸਾਂ ਵਿੱਚ ਦਾਖਲੇ ਕਰਨ ਸਬੰਧੀ ਪ੍ਰਿੰਸੀਪਲ ਦੁਆਰਾ ਹੇਠ ਦਰਸਾਏ ਅਨੁਸਾਰ ਕਮੇਟੀ ਗਠਤ ਕੀਤੀ ਜਾਵੇ :-
   1. ਪ੍ਰਿੰਸੀਪਲ (ਚੇਅਰਪਰਸਨ) 2. ਦੋ ਸੀਨੀਅਰ ਫੈਕੇਲਟੀ ਮੈਂਬਰ (ਮੈਂਬਰ) 3. ਭਲਾਈ ਵਿਭਾਗ ਦਾ ਨੁਮਾਇੰਦਾ (ਮੈਂਬਰ)
4. ਪੈਰਾ ਮੈਡੀਕਲ ਸਰਟੀਫਿਕੇਟ/ਡਿਪਲੋਮਾਂ ਕੋਰਸਾਂ ਵਿੱਚ ਦਾਖਲਿਆ ਵਿੱਚ ਸੀਟਾਂ ਦੀ ਵੰਡ ਪੰਜਾਬ ਸਰਕਾਰ ਦੁਆਰਾ ਸਮੇਂ-ਸਮੇਂ ਅਨੁਸਾਰ ਜਾਰੀ ਦਿਸ਼ਾ ਨਿਰਦੇਸ਼ਾ ਮੁਤਾਬਕ ਹੀ ਹੋਣੀ ਚਾਹੀਦੀ ਹੈ। **ਜਿਵੇਂ ਕਿ ਉਦਾਹਰਨ ਦੇ ਤੌਰ 20 ਸੀਟਾਂ ਦੀ ਵੰਡ ਇਸ ਪ੍ਰਕਾਰ ਹੈ:-**

| Total Seats | Open | Scheduled caste Category (25%) | Backward Class Category (10%) | PWD (5%) |
|---|---|---|---|---|
| 20 | 12 | 05 | 02 | 1 |

5. **ਕਾਲਜ ਵੱਲੋਂ ਪਹਿਲੀ ਕੌਸਲਿੰਗ ਤੋਂ ਬਾਅਦ ਦੂਜੀ ਕੌਸਲਿੰਗ ਦੌਰਾਨ ਰਿਜਰਵ ਕੈਟੇਗਰੀ ਦੀ ਬਾਕੀ ਰਹਿ ਗਈਆਂ ਖਾਲੀ ਸੀਟਾਂ ਓਪਨ ਕੈਟਗਰੀ ਵਿੱਚ ਕਨਵਰਟ ਕਰਕੇ ਭਰਿਆ ਜਾਵੇਗਾ।**
6. **ਪੈਰਾ ਮੈਡੀਕਲ ਸਰਟੀਫਿਕੇਟ/ਡਿਪਲੋਮਾਂ ਕੋਰਸਾਂ ਵਿੱਚ ਦਾਖਲਿਆਂ ਦੀ ਕੌਸਲਿੰਗ ਕਰਨ ਤੋਂ ਬਾਅਦ ਉਸੇ ਦਿਨ ਹੀ ਯੂਨੀਵਰਸਿਟੀ ਨੂੰ ਈਮੇਲ ਰਾਹੀਂ ਅਤੇ ਡਾਕ ਰਾਹੀਂ ਪ੍ਰੋਸੀਡਿੰਗ, ਸਲੈਕਸ਼ਨ ਲਿਸਟ, ਹਾਜਰੀ ਲਿਸਟ ਅਤੇ ਇਸ਼ਤਿਹਾਰ ਦੀ ਕਾਪੀ ਭੇਜੀ ਜਾਵੇ।**
7. **ਪੈਰਾ ਮੈਡੀਕਲ ਸਰਟੀਫਿਕੇਟ/ਡਿਪਲੋਮਾਂ ਕੋਰਸਾਂ ਵਿੱਚ ਦਾਖਲਿਆਂ ਦੀ ਕੌਸਲਿੰਗ ਕਰਨ ਤੋਂ ਬਾਅਦ ਯੂਨੀਵਰਸਿਟੀ ਦਾ ਪੋਰਟਲ (http://examination.bfuhs.ac.in/ros/loginuser.aspx ) ਤੇ ਸਾਰੇ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਸਬੰਧੀ ਡਾਟਾ ਆਨਲਾਇਨ ਭਰਿਆਂ ਜਾਵੇ ਅਤੇ ਸਬੰਧਤ ਦਸਤਾਵੇਜ ਵੀ ਅਪਲੋਡ ਕੀਤੇ ਜਾਣ।**
8. **ਆਨਲਾਇਨ ਰਜਿਸਟ੍ਰੇਸ਼ਨ ਰਿਟਰਨ ਭਰਨ ਦੀ ਆਖਰੀ ਮਿਤੀ 30 ਨਵੰਬਰ, 2021 ਰਾਤ 12.00 ਵਜੇ (12.00am) ਤੱਕ ਹੋਵੇਗੀ, ਉਪਰੋਕਤ ਪੋਰਟਲ ਬੰਦ ਹੋ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਵਿਦਿਆਰਥੀ ਦਾ ਦਾਖਲਾ ਨਿਯਮਤ ਨਹੀਂ ਕੀਤਾ ਜਾਵੇਗਾ।**
9. **ਸਬੰਧਤ ਕਾਲਜ ਯੂਨੀਵਰਸਿਟੀ ਦੇ ਆਨਲਾਇਨ ਪੋਰਟਲ ਦੁਆਰਾ 1000/-ਰੁ: ਪ੍ਰਤੀ ਵਿਦਿਆਰਥੀ ਰਜਿਸਟ੍ਰੇਸ਼ਨ ਫੀਸ ਜਮਾਂ ਕਰਵਾਏਗਾ ਅਤੇ ਫੀਸ ਰਸੀਦ ਦੀ ਕਾਪੀ ਪ੍ਰਿੰਸੀਪਲ ਦੁਆਰਾ ਤਸਦੀਕ ਕਰਕੇ ਰਜਿਟ੍ਰੇਸ਼ਨ ਰਿਟਰਨ ਅਤੇ ਅਸਲ ਦਸਤਾਵੇਜਾਂ ਸਮੇਤ ਯੂਨੀਵਰਸਿਟੀ ਨੂੰ ਨਿਰਧਾਰਿਤ ਮਿਤੀ ਤੋਂ ਪਹਿਲਾਂ ਜਮ੍ਹਾਂ ਕਰਵਾਏਗਾ।**
10. **ਕਾਲਜ ਵੱਲੋਂ ਦਾਖਲੇ ਦੌਰਾਨ ਸਬੰਧਤ ਉਮੀਦਵਾਰ ਤੋਂ ਨਿਯਮਾਂ ਅਨੁਸਾਰ ਹੀ ਰਜਿਸਟ੍ਰੇਸ਼ਨ ਫੀਸ ਚਾਰਜ ਕੀਤੀ ਜਾਵੇਗੀ।**
11. **ਪੈਰਾ ਮੈਡੀਕਲ ਸਰਟੀਫਿਕੇਟ/ਡਿਪਲੋਮਾਂ ਕੋਰਸਾਂ ਵਿੱਚ ਦਾਖਲਿਆਂ ਦੀ ਰਜਿਟ੍ਰੇਸ਼ਨ ਰਿਟਰਨ ਯੂਨੀਵਰਸਿਟੀ ਆਨ ਲਾਈਨ ਪੋਰਟਲ ਤੇ ਮਿਤੀ 30 ਨਵੰਬਰ, 2021 ਤੱਕ ਭਰਨ ਤੋਂ ਬਾਅਦ ਹਰ ਹਾਲਤ ਵਿੱਚ 31 ਦਸੰਬਰ ਤੱਕ ਇਸ ਦਫਤਰ ਵਿਖੇ ਵਿਦਿਆਰਥੀਆਂ ਦੇ ਅਸਲ ਦਸਤਾਵੇਂਜ, ਕੌਸਲਿੰਗ ਪ੍ਰੋਸੀਡਿੰਗ, ਸਲੈਕਸ਼ਨ ਲਿਸਟ, ਹਜ਼ਰੀ ਲਿਸਟ ਅਤੇ ਇਸ਼ਤਿਹਾਰ ਦੀ ਕਾਪੀ ਸਮੇਤ ਭੇਜੀ ਜਾਵੇ ਅਤੇ 31 ਦਸੰਬਰ ਤੋਂ ਬਾਅਦ ਰਿਟਰਨ ਜਮ੍ਹਾਂ ਕਰਾਉਣ ਤੇ ਯੂਨੀਵਰਸਿਟੀ ਵੱਲੋਂ ਕਾਲਜ ਨੂੰ ਨਿਯਮਾਂ ਮੁਤਾਬਕ ਬਣਦਾ ਜੁਰਮਾਨਾ ਪਾਇਆ ਜਾਵੇਗਾ।**
12. ਪੈਰਾ ਮੈਡੀਕਲ ਸਰਟੀਫਿਕੇਟ/ਡਿਪਲੋਮਾਂ ਕੋਰਸਾਂ ਵਿੱਚ ਦਾਖਲ ਵਿਦਿਆਰਥੀਆਂ ਦੀ ਰਜਿਟ੍ਰੇਸ਼ਨ ਫੀਸ ਭਰਨ ਤੋਂ ਬਾਅਦ ਫੀਸ ਰਸੀਦ ਪ੍ਰਿੰਸੀਪਲ ਵੱਲੋਂ ਕਾਉਂਟਰ ਹਸਤਾਖ਼ਰ ਹੋਣ ਤੇ ਰਜਿਟ੍ਰੇਸ਼ਨ ਸ਼ਾਖਾ ਨੂੰ ਭੇਜੀ ਜਾਵੇ।

ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਰਜਿਸਟਰਾਰ

BABA FARID UNIVERSITY OF HEALTH SCIENCES
ADM. REGN.

Scanned with CamScanner